This question paper contains 3 printed pages]

Your Roll No................

**475 (A)**

**B.A. (PROGRAMME)/I** **B**

**(L)**

PUNJABI DISCIPLINE—Paper I

**(Compulsory)**

(Essay, Novel and Functional Punjabi etc.)

(Admissions of 2004/2006 and after in respect of the students of regular colleges/NCWEB)

*Time* : 3 *Hours* *Maximum Marks* : 75

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

*(Write your Roll No. on the top immediately on receipt of this question paper.)*

ਨੋਟ :- ਸਾਰੇ ਸਵਾਲ ਕਰਨੇ ਲਾਜ਼ਮੀ ਹਨ ।

1. ਪਵਿੱਤਰ ਪਾਪੀ ਨਾਵਲ ਵਿਚ ਲੇਖਕ ਨੇ ਕਿਸ ਵਿਸ਼ੇ ਨੂੰ ਪੇਸ਼ ਕੀਤਾ ਹੈ ? ਅਤੇ ਉਹ ਕਿੱਥੋਂ ਤੀਕ ਸਫਲ ਹੈ ?

ਜਾਂ

ਪਵਿੱਤਰ ਪਾਪੀ ਨਾਵਲ ਦੀ ਕਹਾਣੀ ਨੂੰ ਆਪਣੇ ਸ਼ਬਦਾਂ ਵਿਚ ਪੇਸ਼ ਕਰੋ । 15

2. ਹੇਠਾਂ ਦਿੱਤੇ ਲੇਖਾਂ ਵਿਚੋਂ ਕਿਸੇ ਇਕ ਦੀ ਸਾਹਿਤਕ ਅਲੋਚਨਾ ਕਰੋ ।

ਸਦਾਚਾਰ ਦੇ ਮਤ, ਸਿੱਖਿਆ ਤੇ ਸਮਾਜ, ਪੱਤਰਕਾਰੀ, ਮਜ਼੍ਹਬ, ਸਿਨਮਾ ਤੇ ਸਟੇਜ । 15

3. ਹੇਠਾਂ ਦਿੱਤੇ ਵਿਸ਼ਿਆਂ ਵਿਚੋਂ ਕਿਸੇ ਇਕ ਤੇ ਪੈਰ੍ਹਾ ਰਚਨਾ ਕਰੋ :

(*i*) ਮੇਰਾ ਮਨ ਭਾਉਂਦਾ ਸਾਹਿਤਕਾਰ;

(*ii*) ਦਿੱਲੀ ਵਿੱਚ ਵੱਧਦੀ ਅਸੁਰੱਖਿਆ;

(*iii*) ਨਾਰੀ ਤੇ ਸਮਾਜ;

(*iv*) ਪੰਜਾਬੀ ਬੋਲੀ ਦਾ ਭਵਿੱਖ । 10

4. ਹੇਠਾਂ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

"ਸੱਚ ਬੋਲਣ ਦੇ ਪ੍ਰਣ ਨੇ ਹੀ ਗਾਂਧੀ ਜੀ ਨੂੰ ਬਾਲ ਉਮਰ ਵਿਚ ਕਈ ਪਾਪਾਂ ਤੋਂ ਬਚਾਇਆ । ਇਕ ਵੇਰਾਂ ਕੁਸੰਗਤ ਵਿਚ ਰਲ ਕੇ ਉਹ ਮਾਸ ਖਾ ਬੈਠੇ, ਸਿਗਰਟ ਵੀ ਪੀਣ ਲੱਗ ਪਏ । ਅਤੇ ਘਰ ਵਿਚੋਂ ਕੁਝ ਚੋਰੀ ਵੀ ਕਰ ਬੈਠੇ । ਪਰ ਪਿਛੋਂ ਸੋਚ ਕੇ ਉਹ ਕਾਫੀ ਦੁਖੀ ਹੋਏ । ਮਾਤਾ ਪਿਤਾ ਦੇ ਸਾਹਮਣੇ ਮੂੰਹ ਦੇਣ ਜੋਗੇ ਨਾ ਰਹੇ । ਉਨ੍ਹਾਂ ਨੂੰ ਇਹੋ-ਪ੍ਰਤੀਤ ਹੋਇਆ ਕਿ ਜਿਸ ਬਕਰੇ ਦਾ ਮਾਸ ਉਨ੍ਹਾਂ ਨੇ ਖਾਧਾ ਹੈ, ਉਨ੍ਹਾਂ ਦੇ ਪੇਟ ਵਿਚ ਮੈਂ ਮੈਂ ਕਰਕੇ ਵਿਰਲਾਪ ਕਰ ਰਿਹਾ ਹੈ । ਉਨ੍ਹਾਂ ਦੇ ਪਿਤਾ ਜੀ ਮੰਜੇ ਉਤੇ ਬਿਮਾਰ ਪਏ ਸਨ । ਉਹ ਦਿਲ ਵਿਚ ਸੋਚਣ ਲੱਗੇ ਕਿ ਜੇ ਪਿਤਾ ਜੀ ਪੁੱਛ ਬੈਠੇ ਤਾਂ ਮੈਂ ਕੀ ਉੱਤਰ ਦਿਆਂਗਾ ? ਝੂਠ ਬੋਲ ਕੇ ਮੈਂ ਹੋਰ ਪਾਪ ਕਿਉਂ ਕਰਾਂ ?

(ੳ) ਕੁਸੰਗਤ ਵਿਚ ਰਲ ਕੇ ਗਾਂਧੀ ਜੀ ਨੇ ਕੀ ਕੀ ਕੀਤਾ ?

(ਅ) ਕੁਸੰਗਤ ਵਿਚੋਂ ਗਾਂਧੀ ਜੀ ਨੇ ਕੀ ਮਹਿਸੂਸ ਕੀਤਾ ?

(ੲ) ਗਾਂਧੀ ਜੀ ਝੂਠ ਬੋਲਣ ਨੂੰ ਕੀ ਸਮਝਦੇ ਸਨ ?

(ਸ) ਗਾਂਧੀ ਜੀ ਨੂੰ ਸੱਚ ਬੋਲਣ ਦੇ ਪ੍ਰਣ ਨੇ ਕੀ ਲਾਭ ਪਹੁੰਚਾਇਆ ? 10

5. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ 50 ਸ਼ਬਦਾਂ ਵਿਚ ਲਿਖੋ :

(*i*) ਲੋਕਧਾਰਾ ਤੇ ਸਾਹਿਤ ਦਾ ਕੀ ਸੰਬੰਧ ਹੈ ?

(*ii*) "ਸੰਗੀਤ" ਨਿਬੰਧ ਵਿਚ ਸੰਗੀਤ ਕਿੰਨੀ ਕਿਸਮ ਦਾ ਹੈ ?

(*iii*) ਮਜ਼੍ਹਬ ਲੇਖ ਵਿਚ ਲੇਖਕ ਨੇ ਕੀ ਕਿਹਾ ਹੈ ?

(*iv*) ਸਿਨਮਾ ਤੇ ਸਟੇਜ ਵਿਚ ਕੀ ਸੰਬੰਧ ਹੈ ? 10

6. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(*i*) ਪੰਜਾਬੀ ਭਾਸ਼ਾ ਦੀਆਂ ਉਘੜਵੀਆਂ ਵਿਸ਼ੇਸ਼ਤਾਵਾਂ ਕੀ ਹਨ ?

(*ii*) ਪੰਜਾਬੀ ਸਵਰ ਤੇ ਵਿਅੰਜਨਾ ਬਾਰੇ ਜਾਣਕਾਰੀ ਦਿਉ ।

(*iii*) ਵਾਕ ਕਿੰਨੀ ਕਿਸਮ ਦੇ ਹਨ ? ਸੰਜੁਕਤ ਤੇ ਮਿਸ਼ਰਿਤ ਵਾਕ ਦਾ ਅੰਤਰ ਉਦਾਹਰਨਾ ਸਹਿਤ ਸਪੱਸ਼ਟ ਕਰੋ । 15